SURREY SCHOOL DISTRICT

**Surrey School District**
Surrey Schools . . . Keeping Learners at the Centre

Tel: 604.596.7733
Fax: 604.596.7941
www.sd36.bc.ca

# ਫਾਊਂਡੇਸ਼ਨ ਸਕਿਲਜ਼ ਅਸੈਸਮੈਂਟ (ਐਫ.ਐਸ.ਏ) ਦੀ ਮਾਪਿਆਂ ਲਈ ਜਾਣਕਾਰੀ
# Foundation Skills Assessment Important Information for Parents (2009/10)

## ਇਹ ਫਾਊਂਡੇਸ਼ਨ ਸਕਿਲਜ਼ ਅਸੈਸਮੈਂਟ ਕੀ ਹੈ ?

ਇਹ ਬੀ,ਸੀ. ਦੇ 4ਥੀ ਅਤੇ 7ਵੀਂ ਦੇ ਬੱਚਿਆਂ ਦੀ ਸਲਾਨਾ ਪੜ੍ਹਨ, ਲਿਖਣ ਅਤੇ ਗਣਿਤ ਵਿਗਿਆਨ ਵਿੱਚ ਮਾਹਿਰਤਾ ਨੂੰ ਨਾਪਣ ਲਈ ਇੱਕ ਇਮਤਿਹਾਨ ਹੈ। ਇਹ ਇਮਤਿਹਾਨ ਅਧਿਆਪਕਾਂ ਰਾਹੀਂ ਤਿਆਰ ਕੀਤੇ ਅਤੇ ਸੂਬੇ ਵਿੱਚ ਲਾਗੂ ਹੋਏ ਪਾਠਕ੍ਰਮ ਉਪਰ ਨਿਰਭਰ ਹੈ। ਇਹਨਾਂ ਦਾ ਮੁੱਖ ਮੰਤਵ ਹੈ ਕਿ ਵਿਦਿਆ ਵਿਭਾਗ, ਸਕੂਲ ਜਿਲੇ ਅਤੇ ਸਕੂਲ ਇਹ ਲਗਾਤਾਰ ਜਾਣ ਸਕਣ ਕਿ ਬੱਚੇ ਮੁੱਖ ਮਜ਼ਬੂਨਾਂ ਵਿੱਚ ਕਿਸ ਤਰਾਂ ਤਰੱਕੀ ਕਰ ਰਹੇ ਹਨ। ਇਸ ਜਾਣਕਾਰੀ ਨਾਲ ਇਹਨਾਂ ਤਿੰਨਾ ਲੈਵਲਾਂ ਵਿੱਚ ਭਵਿੱਖ ਲਈ ਲੋੜੀਂਦੀਆਂ ਸਕੀਮਾਂ ਬਣਾਈਆਂ ਜਾ ਸਕਦੀਆਂ ਹਨ ਇਸ ਜਾਣਕਾਰੀ ਰਾਹੀਂ ਬੱਚਿਆਂ ਦੀ ਮੁੱਖ ਵਿਸ਼ਿਆਂ ਵਿੱਚ ਇਕੱ ਸਮੇਂ ਦੀ ਮਾਹਿਰਤਾ ਦੀ ਤਸਵੀਰ ਖਿੱਚੀ ਜਾਂਦੀ ਹੈ। ਇਹ ਜਾਣਕਾਰੀ ਕਲਾਸ ਦੇ ਅਧਿਆਪਕ ਰਾਹੀਂ ਦਿੱਤੇ ਗਏ ਇਮਤਿਹਾਨਾਂ ਅਤੇ ਹੋਰ ਸਕੂਲ ਦੀ ਜਾਣਕਾਰੀ ਨਾਲ ਰਲ ਕਿ ਵਰਤੋਂ ਵਿੱਚ ਆਓਂਦੀ ਹੈ।

## ਇਸ ਇਮਤਿਹਾਨ ਦੇ ਨਤੀਜੇ ਕਦੋਂ ਨਿਕਲਦੇ ਹਨ?

ਇਸ ਸਾਲ ਇਹ ਇਮਤਿਹਾਨ ਜਨਵਰੀ ਅਤੇ ਫਰਵਰੀ ਵਿੱਚ ਲਿਖੇ ਜਾਣਗੇ। ਸਕੂਲ ਦੇ ਸਾਲ ਦੇ ਅੰਤ ਤੱਕ, ਇਸਦੇ ਸਕੂਲ ਡਿਸਟਰਿਕਟ ਅਤੇ ਸਕੂਲ ਦੇ ਨਤੀਜੇ ਸਕੂਲ ਅਤੇ ਪਰਜਾ ਤੱਕ ਆ ਜਣਗੇ। ਹਰ ਇੱਕ ਬੱਚੇ ਦੇ ਨਤੀਜੇ ਅਤੇ ਇਮਤਿਹਾਨ ਪੇਪਰ ਮਾਰਚ ਦੇ ਅੰਤ ਤੱਕ ਮਾਪਿਆਂ ਤੱਕ ਪਹੁੰਚ ਜਾਣਗੇ। ਇਸ ਨਾਲ ਮਾਪੇ ਆਪਣੇ ਬੱਚੇ ਦਾ ਨਤੀਜਾ ਅਤੇ ਇਮਤਿਹਾਨ ਪੇਪਰ ਦੀ ਛਾਣ ਬੀਣ ਕਰ ਸਕਦੇ ਹਨ। ਯਾਦ ਰਹੇ ਇਹ ਇਮਤਿਹਾਨ ਬੱਚੇ ਦੀ ਮਾਹਿਰਤਾ ਦਾ ਇੱਕ ਸਮੇਂ ਲਈ ਗਈ ਤਸਵੀਰ ਹੈ, ਬੱਚੇ ਦੀ ਸਪੂੰਰਨ ਮਾਹਿਰਤਾ ਅਧਿਆਪਕ ਕੋਲ ਹੀ ਹੈ

## ਕੀ ਇਸ ਇਮਤਿਹਾਨ ਦੇ ਨਤੀਜੇ ਬੱਚੇ ਦੇ ਆਖਰੀ ਨੰਬਰਾਂ ਉਪਰ ਕੋਈ ਅਸਰ ਰੱਖਦੇ ਹਨ ?

ਨਹੀਂ। ਇਹਨਾਂ ਇਮਤਿਹਾਨਾਂ ਦੇ ਨੰਬਰ ਇੱਕ ਸਮੇਂ ਬੱਚੇ ਦੀ ਨਿਪੁੰਨਤਾ ਬਾਰੇ ਜਾਣਕਾਰੀ ਦਿੰਦੇ ਹਨ। ਇਹਨਾਂ ਨਾਲ ਕਿਸੇ ਵਿਸ਼ੇ ਜਾਂ ਕਲਾਸ ਦੇ ਲੈਵਲ ਦਾ ਕੋਈ ਸਬੰਧ ਨਹੀਂ ਹੈ ਲੇਕਿਨ ਇਹਨਾਂ ਨਾਲ ਬੱਚਿਆਂ ਦੀ ਬੁਨਿਆਦੀ ਤੌਰ ਉਪਰ ਦੀ ਮਾਹਿਰਤਾ ਜੋ ਇੱਕ ਜਮਾਤ ਜਾਂ ਇੱਕ ਵਿਸ਼ੇ ਵਿੱਚ ਹੋਵੇ, ਬਾਰੇ ਜਾਣਕਾਰੀ ਮਿਲਦੀ ਹੈ। ਓਦਾਹਰਣ ਵਜੋਂ ਬੱਚੇ ਸਧਾਰਣ ਵਿਗਿਆਨ ਦੀ ਵੀ ਅਤੇ ਸਮਾਜਿਕ ਦੀ ਕਿਤਾਬ ਵੀ ਪੜ੍ਹਦੇ ਹਨ ਅਤੇ ਸਾਰਾ ਦਿਨ ਗਣਿਤ ਵਿਗਿਆਨ ਤੋਂ ਇਲ੍ਹਾਵਾ ਨੰਬਰਾਂ ਦਾ ਇਸਤੇਮਾਲ ਹੋਰ ਵਿਸ਼ਿਆਂ ਵਿੱਚ ਵੀ ਕਰਦੇ ਹਨ।

## ਇਹ ਇਮਤਿਹਾਨ ਕੌਣ ਲਿਖਦਾ ਹੈ ?

ਹਰ 4ਥੀ ਅਤੇ 7ਵੀਂ ਕਲਾਸ ਦੇ ਬੱਚੇ ਤੋਂ ਇਹ ਇਮਤਿਹਾਨ ਲਿਖਣ ਦੀ ਆਸ ਰੱਖੀ ਜਾਂਦੀ ਹੈ। ਇਹ ਇਮਤਿਹਾਨ ਓਹ ਬੱਚੇ ਨਹੀਂ ਲਿਖਦੇ ਜੋ: (1) ਆਈ. ਈ. ਪੀ. ਸਕੀਮ ਉਪਰ ਹੋਣ ਜਾਂ ਜਿਹੜੇ ਲਿਖਣ ਪੜ੍ਹਣ ਅਤੇ ਹਿਸਾਬ ਦੇ ਵਿਸ਼ਿਆਂ ਵਿੱਚ ਯੋਗ ਨਾ ਹੋਣ ਕਿਸੇ ਕਾਰਨ ਕਰਕੇ, (2) ਜਿਹਨਾਂ ਨੂੰ ਆਈ.ਈ.ਪੀ. ਸਕੀਮ ਦੇ ਅਧੀਨ ਬਹੁਤ ਹੀ ਜ਼ਿਆਦਾ ਸਹਾਇਤਾਂ ਦੀ ਲੋੜ ਪਵੇ, (3) ਜਿਹਨਾਂ ਨੂੰ ਅੰਗਰੇਜ਼ੀ ਲਿਖਣ ਅਤੇ ਪੜ੍ਹਣ ਵਿੱਚ ਦਿੱਕਤ ਹੋਵੇ ਸਹੀ ਜਵਾਬ ਦੇਣ ਲਈ। ਸਕੂਲ ਦਾ ਪ੍ਰਿੰਸੀਪਲ ਇਹ ਫੈਸਲਾ ਕਰਦਾ ਹੈ ਕਿ ਕੋਣ ਇਹ ਇਮਤਿਹਾਨ ਨਹੀਂ ਲਿਖੇਗਾ। ਜਿਹੜੇ ਬੱਚੇ ਇਹ ਇਮਤਿਹਾਨ ਨਹੀਂ ਲਿਖ ਰਹੇ, ਓਹਨਾਂ ਦੇ ਮਾਪਿਆਂ ਨੂੰ ਇਹ ਜਾਣਕਾਰੀ ਪਹਿਲਾਂ ਦਿੱਤੀ ਜਾਵੇਗੀ। ਹੋਰ ਜਾਣਕਾਰੀ ਲਈ ਸਕੂਲ ਦੇ ਪ੍ਰਿੰਸੀਪਲ ਨੂੰ ਮਿਲੋ। ਬੱਚਿਆਂ ਨੂੰ ਹੌਸਲਾ ਦਿੱਤਾ ਜਾਂਦਾ ਹੈ ਕਿ ਓਹ ਇਹਨਾਂ ਇਮਤਿਹਾਨਾਂ ਵਿੱਚ ਆਪਣੀ ਪੂਰੀ ਕੋਸ਼ਿਸ਼ ਕਰਨ ਤਾਂ ਕਿ ਓਹਨਾਂ ਲਈ ਭਵਿੱਖ ਵਿੱਚ ਹੋਰ ਵੀ ਵਧੀਆਂ ਮਦਦਗਾਰ ਪ੍ਰੋਗਰਾਮ ਓਲੀਕੇ ਜਾ ਸਕਣ।

## ਹੋਰ ਜਾਣਕਾਰੀ ਕਿਥੋਂ ਮਿਲ ਸਕਦੀ ਹੈ ?

ਤੁਹਾਡੇ ਬੱਚੇ ਦੇ ਸਕੂਲ ਅਤੇ ਸਕੂਲ ਡਿਸਟਰਿਕਟ ਦੇ ਦਫਤਰ ਵਿੱਚੋਂ। ਵਿਦਿਆ ਵਿਭਾਗ ਦੀ ਵੈਬ ਸਾਈਟ ਤੋਂ ਵੀ ਹੋਰ ਜਾਣਕਾਰੀ ਮਿਲ ਸਕਦੀ ਹੈ : **http//www.bced.gov.bc.ca/assessment/fsa**